# ਹਿੰਦੁਸਤਾਨੀ ਸਟੇਟ ਵਲੋਂ ਜਥੇਬੰਦ ਕੀਤੀ ਜਾ ਰਹੀ ਫਿਰਕੂ ਹਿੰਸਾ ਅਤੇ ਫਾਸ਼ੀ ਤਸ਼ਦਦ ਦੇ ਖਿਲਾਫ ਸਵੈ-ਰੱਖਿਆ ਕਮੇਟੀਆਂ ਬਣਾਉ!

# ਸਭਨਾਂ ਦੇ ਹੱਕਾਂ ਦੀ ਰਾਖੀ ਲਈ ਰਲਕੇ ਉਦਮ ਕਰੋ!

### *ਇੰਡੀਅਨ ਪ੍ਰੋਗਰੈਸਿਵ ਸਟੱਡੀ ਗਰੁਪ, ਲੰਡਨ ਵਲੋਂ ਹੋਕਾ*

ਗੁਜਰਾਤ ਅਤੇ ਹੋਰਨਾਂ ਥਾਂਵਾਂ ਵਿਚ ਕੀਤੇ ਜਾ ਰਹੇ ਲੋਕਾਂ ਦੇ ਕਤਲ ਇਕ ਗਿਣੀ ਮਿਥੀ ਸਕੀਮ ਤਹਿਤ ਹੋ ਰਹੇ ਹਨ। ਸੈਂਕੜੇ ਹੀ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ ਗਿਆ ਹੈ। ਕੇਂਦਰ ਅਤੇ ਰਾਜ ਸਰਕਾਰਾਂ ਇਸ ਬਲਦੀ ਹੋਈ ਅੱਗ ਵਿਚ ਹੱਥ ਸੇਕ ਰਹੀਆਂ ਹਨ। ਗੁਜਰਾਤ ਦੇ ਮੁੱਖ ਮੰਤਰੀ ਨੇ ਇਨ੍ਹਾਂ ਹਮਲਿਆਂ ਨੂੰ ਜਾਇਜ਼ ਠਹਰਾਂਉਂਦੇ ਹੋਏ ਕਿਹਾ ਹੈ ਕਿ ਲੋਕ ਮੁਜਰਿਮਾ ਨੂੰ ਸਜ਼ਾ ਦੇਣਾ ਚਾਹੁੰਦੇ ਹਨ। । ਪੁਲੀਸ, ਨੀਮ ਫੌਜ, ਅਤੇ ਦੂਸਰੇ ਸਰਕਾਰੀ ਅਦਾਰੇ ਨਿਰਦੋਸ਼ ਲੋਕਾਂ ਉਤੇ ਹੋ ਰਹੇ ਹਿੰਸਕ ਹਮਲਿਆਂ ਨੂੰ ਦਰਸ਼ਕਾਂ ਵਾਂਗ ਦੇਖ ਰਹੇ ਹਨ। ਖ਼ਬਰਾਂ ਹਨ ਕਿ ਕਈ ਥਾਵੀਂ ਪੁਲੀਸ ਸਟੇਸ਼ਨਾਂ ਦੇ ਸਾਹਮਣੇ ਪੁਲਿਸ ਦੀ ਮੌਜੂਦਗੀ ਵਿਚ ਹਥਿਆਰਬੰਦ ਗੁੰਡਿਆਂ ਨੇ ਲੋਕਾਂ ਦੇ ਘਰਾਂ ਨੂੰ ਅੱਗਾਂ ਲਾਈਆਂ ਅਤੇ ਜਾਨ ਮਾਲ ਦਾ ਨੁਕਸਾਨ ਕੀਤਾ ਪਰ ਪੁਲੀਸ ਦੇ ਅਫਸਰ ਅਤੇ ਸਿਪਾਹੀ ਕਹਿੰਦੇ ਰਹੇ ਕਿ ਸਾਨੂੰ ਕੁਝ ਕਰਨ ਦਾ ਹਾਲੇ ਹੁਕਮ ਨਹੀਂ ਹੋਇਆ।

ਇਨ੍ਹਾਂ ਤਥਾਂ ਤੋਂ ਇਹ ਗੱਲ ਸਾਫ ਹੈ ਕਿ ਲੋਕਾਂ ਨੂੰ ਆਪਣੀ ਰੱਖਿਆ ਦਾ ਬੰਦੋਬਸਤ ਖੁਦ ਆਪ ਕਰਨ ਦੀ ਲੋੜ ਹੈ। ਇਹ ਰਾਜਤੰਤਰ ਅਤੇ ਇਸਦੇ ਅਦਾਰੇ ਗੁੰਡਿਆਂ ਅਤੇ ਮੁਜਰਿਮਾਂ ਦੀ ਰੱਖਿਆ ਕਰਦੇ ਹਨ ਆਮ ਸ਼ਹਰੀਆਂ ਦੀ ਨਹੀਂ। ਇਸ ਗੁੰਡਾਗਰਦੀ ਅਤੇ ਹੁਲੜਬਾਜ਼ੀ ਦੇ ਖ਼ਿਲਾਫ਼ ਲੋਕਾਂ ਨੂੰ ਆਪਣੇ ਗਲੀ-ਮੁਹੱਲਿਆਂ ਅਤੇ ਬਸਤੀਆਂ ਵਿਚ ਰੱਖਿਆ ਕਮੇਟੀਆਂ ਜੱਥੇਬੰਦ ਕਰਨੀਆਂ ਚਾਹੀਦੀਆਂ ਹਨ। ਫਿਰਕੂ ਹਿੰਸਾ ਅਤੇ ਫਾਸ਼ੀ ਤਸ਼ੱਦਦ ਇਸ ਰਾਜਤੰਤਰ ਦਾ ਅਨਿਖੜਵਾਂ ਹਿੱਸਾ ਹੈ। ਲੋਕ ਇਸ ਰਾਜਤੰਤਰ ਤੋਂ ਆਪਣੀ ਰਾਖੀ ਦੀ ਆਸ ਨਹੀਂ ਰਖ ਸਕਦੇ। ਉਨ੍ਹਾਂ ਨੂੰ ਆਪਣੀ ਰਾਖੀ ਆਪ ਹੀ ਕਰਨੀ ਪਵੇਗੀ।

ਸਾਰੇ ਹੀ ਅਮਨਪਸੰਦ,ਦੇਸ਼ਭਗਤ ਅਤੇ ਇਨਸਾਫਪਸੰਦ ਲੋਕਾਂ ਨੂੰ ਇਕ ਮੁੱਠ ਹੋਕੇ ਸਭਨਾਂ ਦੀ ਰਾਖੀ ਲਈ ਸਵੈ-ਰੱਖਿਆ ਕਮੇਟੀਆਂ ਬਣਾਉਣੀਆਂ ਚਾਹੀਦੀਆਂ ਹਨ। ਅਹਿਮਦਾਬਾਦ ਦੇ ਮਜ਼ਦੂਰਾਂ ਦਾ ਇਕ ਖਾੜਕੂ ਇਤਿਹਾਸ ਹੈ। ਉਨ੍ਹਾਂ ਨੇ ਹੱਕਾਂ ਦੇ ਘੋਲਾਂ ਵਿਚ ਹਮੇਸ਼ਾਂ ਅੱਗੇ ਹੋ ਕੇ ਹਿੱਸਾ ਪਾਇਆ ਹੈ। ਇਸ ਵੇਲੇ ਅਹਿਮਦਾਬਾਦ ਦੇ ਮਜ਼ਦੂਰਾਂ ਦਾ ਇਹ ਖਾਸ ਫਰਜ਼ ਹੈ ਕਿ ਉਹ ਸਾਰੇ ਹੀ ਲੋਕਾਂ ਦੀ ਰੱਖਿਆ ਕਰਨ ਦੇ ਕੰਮ ਲਈ ਅਗਵਾਈ ਦੇਣ। ਅੱਜ ਇਤਿਹਾਸ ਉਨ੍ਹਾਂ ਨੂੰ ਇਕ ਇਤਿਹਾਸਕ ਭੂਮਿਕਾ ਅਦਾ ਕਰਨ ਲਈ ਵੰਗਾਰ ਰਿਹਾ ਹੈ।

ਹਿੰਦੁਸਤਾਨ ਦੇ ਹੋਰਨਾਂ ਹਿੱਸਿਆਂ ਵਿਚ ਵੀ ਸਾਰੇ ਲੋਕਾਂ ਨੂੰ ਇਕੱਠੇ ਹੋਕੇ ਰੱਖਿਆ ਕਮੇਟੀਆਂ ਬਣਾਕੇ ਆਪਣੀ ਰਾਖੀ ਆਪ ਕਰਨ ਦੇ ਰਾਹ ਪੈਣਾ ਚਾਹੀਦਾ ਹੈ। ਇਸ ਨਾਲ ਹੀ ਸੱਭ ਦੀ ਰੱਖਿਆ ਹੋ ਸਕਦੀ ਹੈ। ਕੇਂਦਰ ਅਤੇ ਰਾਜ ਸਰਕਾਰਾਂ ਅਤੇ ਇਹ ਰਾਜਤੰਤਰ ਲੋਕਾਂ ਦੀ ਰੱਖਿਆ ਕਰਨ ਵਿਚ ਕੋਈ ਦਿਲਚਸਪੀ ਰਖਦਾ। ਲੋਕਾਂ ਨੂੰ ਆਪ ਉਠਕੇ ਜਥੇਬੰਦ ਹੋਣਾਂ ਤੇ ਆਪਣੀ ਰਾਖੀ ਦਾ ਕੰਮ ਕਰਨਾ ਪਵੇਗਾ। ਇੰਡੀਅਨ ਪ੍ਰੋਗਰੈਸਿਵ ਸਟੱਡੀ ਗਰੁਪ, ਲੰਡਨ ਵਲੋਂ ਹਿੰਦੋਸਤਾਨ ਦੇ ਤਮਾਮ ਦੇਸ਼ਭਗਤ, ਅਗਾਂਹਵਧੂ ਅਤੇ ਇਨਸਾਫ ਪਸੰਦ ਲੋਕਾਂ ਨੂੰ ਅਪੀਲ ਹੈ ਕਿ ਗਲੀ ਗਲੀ, ਮਹੱਲੇ ਮੁਹੱਲੇ, ਅਤੇ ਪਿੰਡ ਪਿੱਡ ਵਿਚ ਸਵੈ-ਰੱਖਿਆ ਕਮੇਟੀਆਂ ਬਣਾਉਣ ਦਾ ਉਪਰਾਲਾ ਕਰੋ ! ਸੱਭਨਾਂ ਦੇ ਹੱਕਾਂ ਦੀ ਰਾਖੀ ਲਈ ਇਕ ਮੁੱਠ ਹੋਵੋ!

ਇੰਡੀਅਨ ਪ੍ਰੋਗਰੈਸਿਵ ਸਟੱਡੀ ਗਰੁਪ
ਲੰਡਨ